# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

( ਜਨਰਲ ਭਾਗ–1 )

ਵੱਲ:

1. ਸਾਰੇ ਇੰਜੀ–ਇੰਨ–ਚੀਫ/ਜਨਰਲ ਮੈਨੇਜ਼ਰ ਅਤੇ ਮੁੱਖ ਇੰਜੀ: ਪੰ:ਸ:ਪਾ:ਕਾ:ਲਿਮ:ਪਟਿ:
2. ਮੁੱਖ/ਪ੍ਰਬੰਧਕੀ, ਪੰ:ਸ:ਪਾ:ਕਾ:ਲਿਮ:, ਪਟਿਆਲਾ
3. ਐਸ.ਪੀ./ਵੀ.ਤੇ ਐਸ. ਪੰ:ਸ:ਪਾ:ਕਾ:ਲਿਮ:,ਪਟਿਆਲਾ
4. ਮੁੱਖ ਲੇਖਾ ਅਫਸਰ, ਪੰ:ਸ:ਪਾ:ਕਾ:ਲਿਮ:, ਪਟਿਆਲਾ
5. ਮੁੱਖ ਪੜ੍ਹਤਾਲਕਾਰ, ਪਟਿਆਲਾ
6. ਐਡਵਾਈਜ਼ਰ/ਵਿੱਤ, ਪਟਿਆਲਾ
7. ਕਾਸਟ ਕੰਟਰੋਲ ਅਤੇ ਰਿਡਕਸ਼ਨ, ਪਟਿਆਲਾ
8. ਕਾਨੂੰਨੀ ਸਲਾਹਕਾਰ, ਪਟਿਆਲਾ
9. ਸਾਰੇ ਉੱਪ ਮੁੱਖ ਇੰਜੀ/ਨਿਗ:ਇੰਜੀ: ਪਟਿਆਲਾ
10. ਸਾਰੇ ਵਧੀਕ ਨਿਗਰਾਨ ਇੰਜੀ/ਸੀਨੀ:ਕਾ:ਕਾ:ਇੰਜੀਨੀਅਰਜ਼, ਪਟਿਆਲਾ
11. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਪਟਿਆਲਾ
12. ਸੀਨੀ:ਨਿੱਜੀ ਸਕੱਤਰ ਟੂ ਸੀ.ਐਮ.ਡੀ./ਡਾਇਰੈਕਟਰਜ਼, ਪਟਿਆਲਾ
13. ਸਾਰੇ ਬ੍ਰਾਂਚ ਅਫਸਰ, ਹੈਡ ਆਫਿਸ, ਪਟਿਆਲਾ

ਮੀਮੋ ਨੰ: 52911/54411 /ਜੀਬੀ/ਐਮ–501 ਮਿਤੀ: 13.8.2012

ਵਿਸ਼ਾ: 15 ਅਗੱਸਤ 2012 ਨੂੰ ਅਜਾਦੀ ਦਿਵਸ ਮਨਾਉਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਜਾਦੀ ਦਿਵਸ ਮਨਾਇਆ ਜਾ ਰਿਹਾ ਹੈ। ਝੰਡਾ ਲਹਿਰਾਉਣ ਦੀ ਰਸਮ ਯਾਦਵਿੰਦਰਾ ਪਬਲਿਕ ਸਟੇਡੀਅਮ, ਪਟਿਆਲਾ ਵਿਖੇ ਹੋਵੇਗੀ। ਇਸ ਲਈ ਆਪਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਜੀ ਦੇ ਅਧੀਨ ਕੰਮ ਕਰਦੇ ਸਾਰੇ ਅਧਿਕਾਰੀ/ਕਰਮਚਾਰੀ ਮਿਤੀ: 15.8.12 ਨੂੰ ਸਵੇਰੇ 9.00 ਵਜ਼ੇ ਯਾਦਵਿੰਦਰਾ ਪਬਲਿਕ ਸਟੇਡੀਅਮ, ਪਟਿਆਲਾ ਵਿਖੇ ਹਰ ਹਾਲਤ ਵਿੱਚ ਪਹੁੰਚਣ ਅਤੇ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੇ ਨਾਂ ਅਤੇ ਅਹੁੱਦੇ ਦੀਆਂ ਸੂਚੀਆਂ ਪੰ:ਸ:ਪਾ:ਕਾ:ਲਿਮ:ਵਲੋਂ ਨਿਯੁਕਤ ਨੋਡਲ ਅਫਸਰ ਸ੍ਰੀ ਕੇ.ਐਸ.ਹਰਖੀ, ਅਧੀਨ ਸਕੱਤਰ/ਤਾਲਮੇਲ ਨੂੰ ਤੁਰੰਤ ਪਹੁੰਚਾ ਦਿੱਤੀਆਂ ਜਾਣ। ਇਸਤੋ ਇਲਾਵਾ ਮੁੱਖ ਇੰਜੀਨੀਅਰ ਆਪਣੇ ਅਧੀਨ ਸਾਰੇ ਅਧਿਕਾਰੀਆਂ(ਕਲਾਸ–1) ਦੀ ਸੂਚੀ ਸਿੱਧੇ ਤੌਰਤੇ ਜੀ.ਏ. ਟੂ ਡੀ. ਸੀ., ਪਟਿਆਲਾ ਨੂੰ ਮਿਤੀ:13.8.12 ਤੋਂ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨ, ਤਾਂ ਜੋ ਉਨਾਂ ਦੇ ਅਹੁੱਦੇ ਅਨੁਸਾਰ ਸਟੇਡੀਅਮ ਵਿੱਚ ਸੀਟਾਂ ਦਾ ਪ੍ਰਬੰਧ ਕੀਤਾ ਜਾ ਸਕੇ।

ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀ ਹਾਜ਼ਰੀ ਰਿਪੋਰਟ ਹਰੇਕ ਸੁਪਰਵਾਈਜ਼ਰ/ ਸੈਕਸ਼ਨ ਦਾ ਮੁੱਖੀ ਲਗਾਉਣ ਉਪਰੰਤ ਆਪਣੇ ਕੰਟਰੋਲਿੰਗ ਅਫਸਰ ਕੋਲ ਭੇਜਣਗੇ। ਸਾਰੇ ਕੰਟਰੋਲਿੰਗ ਅਫਸਰ ਇਸ ਤਰ੍ਹਾਂ ਇਕੱਤਰ ਕੀਤੀ ਹਾਜ਼ਰੀ ਰਿਪੋਰਟ ਨੋਡਲ ਅਫਸਰ ਸ੍ਰੀ ਕੇ.ਐਸ. ਹਰਖੀ,ਅਧੀਨ ਸਕੱਤਰ/ਤਾਲਮੇਲ, ਨੂੰ ਉਸੇ ਸਮੇਂ ਹੀ ਦੇਣ ਦੀ ਕ੍ਰਿਪਾਲਤਾ ਕਰਨ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਿਸੇ ਅਧਿਕਾਰੀ/ ਕਰਮਚਾਰੀ ਨੂੰ ਇਸ ਦਿਨ ਦੀ ਸਟੇਸ਼ਨ ਲੀਵ ਨਾ ਦਿੱਤੀ ਜਾਵੇ, ਕਿਸੇ ਨੂੰ ਜੇਕਰ ਮਜ਼ਬੂਰੀ ਕਾਰਨ ਸਟੇਸ਼ਨ ਲੀਵ ਦੀ ਅਤਿ–ਅੰਤ ਲੋੜ ਹੋਵੇ ਤਾਂ ਐਡੀ:ਡੀ.ਸੀ.,ਪਟਿਆਲਾ ਦੀ ਪ੍ਰਵਾਨਗੀ ਨਾਲ ਹੀ ਮੰਨਜ਼ੂਰ ਕੀਤੀ ਜਾ ਸਕੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਦਾ ਹੈ।

SSingh

ਅਧੀਨ ਸਕੱਤਰ/ਜਨਰਲ,

ਪੰ:ਸ:ਪਾ:ਕਾ:ਲਿਮ:, ਪਟਿਆਲਾ